# ਟੀਐਸਪੀਐਲ ਨੇ ਕਰਵਾਇਆ ਗੁਰੂ ਕਾਸ਼ੀ ਯੂਨੀਵਰਸਿਟੀ 'ਚ ਸੈਮੀਨਾਰ

**ਪੱਤਰ ਪ੍ਰੇਰਕ, ਮਾਨਸਾ** : ਤਲਵੰਡੀ ਸਾਬੋ ਪਾਵਰ ਲਿਮਟਿਡ ਵਲੋਂ ਗਰੀਨ ਟੈਕਨਾਲੋਜੀ ਤੇ ਇੱਕ ਸੈਮੀਨਾਰ ਗੁਰੂ ਕਾਸ਼ੀ ਯੂਨੀਵਰਸਿਟੀਤਲਵੰਡੀ ਸਾਬੋ ਵਿਖੇ ਕਰਵਾਇਆਗਿਆ। ਸੈਮੀਨਾਰ ਵਿਚ ਨੌਜਵਾਨਾਂ ਨੂੰ ਬਦਲਦੇ ਵਾਤਾਵਰਨ ਅਤੇ ਕੰਪਨੀਆਂਵਲੋ ਕੀਤੇ ਜਾ ਰਹੇ ਉਪਰਾਲਿਆਂ ਪ੍ਰਤੀ ਜਾਗਰੂਕ ਗਿਆ। ਇਸ ਮੌਕੇ ਚੇਤਨ ਸ੍ਰੀ ਵਾਸਤਵ ਹੈਡ ਆਪਰੇਸ਼ਨ ਐਵਲੋ ਨੇ ਪਿਛਲੇ ਸਾਲਾਂ 'ਚ ਵਾਤਾਵਰਣ ਵਿੱਚ ਆਏ ਬਦਲਾਅ ਦੇ ਬਾਰੇ ਦੱਸਿਆ। ਉਨਾਂ ਹਵਾ, ਪਾਣੀ ਦੇ ਸਬੰਧੀ ਜਾਗਰੂਕ ਕੀਤਾ ਤੇ ਕਿਹਾ ਕਿ ਵਾਤਾਵਰਨ ਨੂੰ ਸਾਫ ਸੁੱਥਰਾਂ ਰੱਖਣ ਦੇ ਲਈ ਕੰਪਨੀ ਵਲੋ ਕਈ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਵਰੁਣ ਕੌਸ਼ਲ ਨੇ ਪਲਾਂਟ ਵਿੱਚ ਇਸਤੇਮਾਲ ਕੀਤੇ ਜਾ ਰਹੀ ਤਕਨੀਕਾਂ ਦੇ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀਗਈ। ਅਵਿਨਾਸ਼ ਕੁਮਾਰ ਹੈਡ ਹੈਲਥ, ਸੇਫਟੀ ਐਂਡ ਇਨਵਾਇਰਮੈਂਟ ਨੇ ਵਾਤਾਵਰਨ ਦੇ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।



ਮੁੱਖ ਮਹਿਮਾਨ ਨੂੰ ਸੈਮੀਨਾਰ ਦੌਰਾਨ ਸਨਮਾਨਿਤ ਕਰਦੇ ਹੋਏ ਟੀਐਸਪੀਐਲ ਅਧਿਕਾਰੀ।

ਪੰਜਾਬੀ ਜਾਗਰਣ
Punjabi Jagran
Thu, 10 September 2015
epaper.punjabijagran.com/c/6494945